# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ
## ਪਰਿਵਾਰ ਕਲਿਆਣ ਭਵਨ, ਸੈਕਟਰ 34-ਏ,ਚੰਡੀਗੜ੍ਹ
## (ਅਮਲਾ-6 ਸਾਖਾ)

ਤੁਰੰਤ / ਈ-ਮੇਲ ਰਾਂਹੀ

ਸੇਵਾ ਵਿਖੇ,

ਰਜਿਸਟਰਾਰ,
ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ,
ਸਾਦਿਕ ਰੋਡ, ਫਰੀਦਕੋਟ (ਪੰਜਾਬ), 151203,
ਫੋਨ ਨੰ: 01639-256232, 256236
ਫੈਕਸ: 01639-256234

ਮੀਮੋ ਨੰ: ਈ-6(1)ਪੰ:2019/ 681
ਮਿਤੀ, ਚੰਡੀਗੜ੍ਹ: 07-02-19

ਵਿਸ਼ਾ:- ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਖਾਲੀ ਪਈਆਂ ਸਟਾਫ ਨਰਸਾਂ ਦੀਆਂ 986 ਅਸਾਮੀਆਂ ਵਿਚੋ ਬਾਕੀ ਰਹਿੰਦੀਆਂ 313 ਅਸਾਮੀਆਂ ਨੂੰ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਵਿਖੇ ਮਿਤੀ 1-10-2018 ਅਤੇ ਮਿਤੀ 17-12-2018 ਨੂੰ ਹੋਈ ਕੌਸਲਿੰਗ ਦੀਆਂ ਪ੍ਰਾਪਤ ਹੋਈਆਂ ਕਾਰਵਾਈ ਰਿਪੋਰਟਾਂ / ਰਿਕਾਰਡ ਦੇ ਆਧਾਰ ਤੇ ਵਿਭਾਗੀ ਚੋਣ ਕਮੇਟੀ ਵਲੋਂ ਮਿਤੀ 30-01-19 ਨੂੰ ਤਿਆਰ ਕੀਤੇ ਅਨੁਲਗ 1 ਤੋਂ 12 ਅਨੁਸਾਰ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਕਮੇਟੀ ਵਲੋ ਤਿਆਰ ਅਨੁਲਗਾਂ ਨੂੰ ਵਿਭਾਗ ਅਤੇ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਦੀ ਵੈਬਸਾਈਟ ਤੇ ਅਪਲੋਡ ਕਰਕੇ ਉਮੀਦਵਾਰਾਂ ਦੇ ਇਤਰਾਜ਼ ਮੰਗਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਸਬੰਧੀ 313 ਅਸਾਮੀਆਂ ਨੂੰ ਭਰਨ ਲਈ ਆਪ ਵਲੋ ਮਿਤੀ 01-10-18 ਤੋ 17-12-18 ਨੂੰ ਕੀਤੀ ਗਈ ਕਾਊਸਲਿੰਗ ਦੇ ਆਧਾਰ ਤੇ ਵਿਭਾਗੀ ਚੋਣ ਕਮੇਟੀ ਕੈਟਾਗਿਰੀਵਾਈਜ਼ ਅਨੁਲਗ 1 ਤੋਂ 12 ਤਿਆਰ ਕਰ ਲਏ ਗਏ ਹਨ, ਜਿਨ੍ਹਾਂ ਦੇ ਆਧਾਰ ਤੇ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਅਜਿਹਾ ਕਰਨ ਤੋ ਪਹਿਲਾਂ ਵਿਭਾਗ ਨੇ ਇਨ੍ਹਾਂ ਅਨੁਲਗਾਂ ਨੂੰ ਸਿਹਤ ਵਿਭਾਗ ਦੀ ਵੈਬਸਾਈਟ www.pbhealth.gov.in ਅਤੇ ਆਪ ਦੀ official website www.bfuhs.ac.in ਤੇ ਇਨ੍ਹਾਂ ਅਨੁਲਗਾਂ ਨੂੰ ਅਪਲੋਡ ਕਰਕੇ ਇਤਰਾਜ਼ ਮੰਗਣ ਦਾ ਫੈਸਲਾ ਲਿਆ ਹੈ।

ਉਪਰੋਕਤ ਦੇ ਸਨਮੁੱਖ ਆਪ ਨੂੰ ਅਨੁਲਗ 1 ਤੋ 12 ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਨੁਲਗਾਂ ਨੂੰ ਆਪਣੀ Official website ਤੇ ਤੁਰੰਤ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਨਿਰਧਾਰਿਤ ਸਮੇ ਉਪਰੰਤ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਸਕਣ।

ਨੱਥੀ ਉਕਤ ਅਨੁਸਾਰ

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

ਪਿੰਠ ਅੰਕਣ ਨੰ: ਈ-6(1)ਪੰ:2019/ ਮਿਤੀ ਚੰਡੀਗੜ੍ਹ:

ਉਤਾਰਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, (ਸਿਹਤ-4 ਸ਼ਾਖਾ) ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ
## ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ
## (ਅਮਲਾ-6 ਸਾਖਾ)

### ਜਨਤਕ ਸੂਚਨਾ

ਨੰ: ਈ6(1)ਪੰ/2019/672

ਮਿਤੀ, ਚੰਡੀਗੜ੍ਹ 07-01-2019

ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਖਾਲੀ ਪਈਆਂ ਸਟਾਫ ਨਰਸਾਂ ਦੀਆਂ 986 ਅਸਾਮੀਆਂ ਵਿਚੋ ਬਾਕੀ ਰਹਿੰਦੀਆਂ 313 ਅਸਾਮੀਆਂ ਨੂੰ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਵਿਖੇ ਮਿਤੀ 01-10-2018 ਨੂੰ ਕਾਊਸਲਿੰਗ ਕੀਤੀ ਗਈ ਸੀ, ਜਿਸ ਵਿੱਚ ਗੈਰਹਾਜਰ ਰਹੇ ਉਮੀਦਵਾਰਾਂ ਨੂੰ ਇੱਕ ਆਖਰੀ ਮੌਕਾ ਦਿੰਦੇ ਹੋਏ ਮੁੜ ਤੋ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਿਖੇ ਮਿਤੀ 17-12-18 ਨੂੰ ਕਾਊਸਲਿੰਗ ਕੀਤੀ ਗਈ ਸੀ। ਕਾਊਸਲਿੰਗਾਂ ਦੀਆਂ ਪ੍ਰਾਪਤ ਹੋਈਆਂ ਕਾਰਵਾਈ ਰਿਪੋਰਟਾਂ / ਰਿਕਾਰਡ ਨੂੰ ਘੋਖਣ ਉਪਰੰਤ ਵਿਭਾਗੀ ਚੋਣ ਕਮੇਟੀ ਵਲੋ ਸ੍ਰੇਣੀਵਾਰ ਅਨੁਲਗ 1 ਤੋ 12 ਤਿਆਰ ਕੀਤੇ ਗਏ ਹਨ, ਜੋ ਵਿਭਾਗ ਦੀ official website ਤੇ ਅਪਲੋਡ ਕਰਦੇ ਹੋਏ ਸਮੂਹ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਨ੍ਹਾਂ ਅਨੁਲਗਾਂ ਵਿੱਚ ਦਰਜ਼ ਤੱਥਾਂ / ਕਮੇਟੀ ਦੀ ਸਿਫਾਰਿਸ਼ ਦੇ ਆਧਾਰ ਤੇ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਜੇਕਰ ਕਿਸੇ ਉਮੀਦਵਾਰ ਨੂੰ ਇਨ੍ਹਾਂ ਅਨੁਲਗਾਂ ਵਿੱਚ ਦਰਸਾਈ ਸਥਿਤੀ ਬਾਰੇ ਕੋਈ ਇਤਰਾਜ਼ ਹੋਵੇ ਜਾਂ ਆਪਣਾ ਹੱਕ ਇਨ੍ਹਾਂ ਉਮੀਦਵਾਰਾਂ ਤੋ ਪਹਿਲਾਂ ਨਿਯੁਕਤੀ ਲਈ ਸਮਝਦਾ ਹੋਵੇ ਤਾਂ ਉਹ ਮਿਤੀ 14-02-2019 ਤੱਕ ਆਪਣਾ ਲਿਖਤੀ ਇਤਰਾਜ ਸਿਹਤ ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ, ਪਲਾਟ ਨੰ: 5, ਸੈਕਟਰ-34/ਏ ਵਿਖੇ ਕਮਰਾ ਨੰ: 305 ਵਿੱਚ ਦੇ ਸਕਦਾ ਹੈ। ਨਿਸ਼ਚਿਤ ਮਿਤੀ ਮਗਰੋ ਪ੍ਰਾਪਤ ਹੋਣ ਵਾਲੇ ਇਤਰਾਜ਼ਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਨੱਥੀ:- ਅਨੁਲਗ 1 ਤੋ 12

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ